people for
Education
BECAUSE EDUCATION MATTERS MOST

# ਘਰ ਦਾ ਕੰਮ

ਇਕ ਤਰੀਕਾ ਜਿਸ ਰਾਹੀ ਮਾਂ-ਪਿਉ, ਵਿਦਿਆਰਥੀ ਦੀ ਸਕੂਲ ਵਿਚ ਸਫਲਤਾ ਹਾਸਲ ਕਰਣ ਲਈ ਮਦਦ ਕਰ ਸਕਦੇ ਹਨ, ਉਹ ਘਰ ਦੇ ਕੰਮ ਲਈ ਸਹਾਰਾ ਦੇ ਕੇ।

## ਘਰ ਦਾ ਕੰਮ ਕੀ ਹੈ ?

ਵਖ ਤੱਰਾਂ ਦਾ ਕੰਮ ਜੋ ਬੱਚਾ ਘਰ ਲੈ ਕੇ ਆਏ

- ਉਹ ਕੰਮ ਖਤਮ ਕਰਨੇ ਜੋਕਿ ਕਲਾਸ ਵਿਚ ਸ਼ੁਰੂ ਕੀਤੇ ਗਏ ਸਨ
- ਸ਼ੋਧ ਪਰੋਜੈਕਟ ਉਤੇ ਕੰਮ ਕਰ ਰਿਹੇ ਹੋਣ
- ਪਰਿਖਿਯਾਵਾਂ ਜਾਂ ਟੈਸਟਾਂ ਲਈ ਪਢ ਰਹੇ ਹੋਣ
- ਜੋ ਨਵੇਂ ਹੁਨਰ ਕਲਾਸ ਵਿਚ ਸਿਖੇ ਹਨ ਉਹਨਾਂ ਦਾ ਅਭਿਆਸ ਕਰਨਾ
- ਆਪਣਿਆਂ ਅਭਿਆਸ ਪੁਸਤਕਾਂ ਅਤੇ ਬਾਇੰਡਰਾਂ ਨੂੰ ਵਿਵਸਥਿਤ ਕਰ ਕੇ ਰਖਨਾਂ
- ਪਾਠ ਪੁਸਤਕ ਜਾਂ ਕਿਸੇ ਨਾਵਲ ਦਾ ਨਿਰਧਾਰਿਤ ਹਿਸਾ ਪਢਨਾ

## ਕਿਥੇ ਅਤੇ ਕਿਸ ਸਮੇਂ ਘਰ ਦਾ ਕੰਮ ਕਰਨਾ ਚਾਹਿਦਾ ਹੈ?

- ਨਾਹ ਕੀ ਸਾਰੇ ਬੱਚੇ ਇਕੋ-ਜਿਹੇ ਤਰੀਕੇ ਨਾਲ ਪਢਦੇ ਹਨ।ਕੁਝ ਸ਼ਾਂਤ ਵਾਤਾਵਰਨ ਵਿਚ ਕੰਮ ਕਰਣਾ ਪਸੰਦ ਕਰਦੇ ਹਨ, ਕੁਝ ਪਿਛੋਕਢ ਵਿਚ ਸੰਗੀਤ ਲਗਾ ਕੇ ਕੰਮ ਕਰਨਾ ਪਸੰਦ ਕਰਦੇ ਹਨ ਅਤ ਕੁਝ ਆਪਣੇ ਦੋਸਤਾਂ ਨਾਲ ਕੰਮ ਕਰਨਾ ਪਸੰਦ ਕਰਦੇ ਹਨ।ਤੁਸੀ ਆਪਣੇ ਬੱਚੇ ਨੂੰ ਜ਼ਿਆਦਾ ਵਧਿਆ ਜਾਣਦੇ ਹੋ। ਤੁਸੀ ਉਸ ਨੂੰ ਘਰ ਦਾ ਕੰਮ ਕਰਣ ਲਈ ਸਹੀ ਜਗਹ ਚੁਨਣ ਵਿਚ ਮਦਦ ਕਰ ਸਕਦੇ ਹੋ।
- ਜੇਕਰ ਘਰ ਦਾ ਕੰਮ ਕਰਣ ਦਾ ਨਿਯਮਤ ਸਮਾਂ ਹੈ ਤਾਂ ਇਹ ਸ਼ਾਇਦ ਮਦਦ ਕਰੇ। ਜੇਕਰ ਮਾਂ-ਪਿਉ ਕੰਮ ਕਰਨ ਲਈ ਜਬਰਦਸਤੀ ਕਰਣ ਤਾਂ ਹੋ ਸਕਦਾ ਹੈ ਕਿ ਬੱਚੇ ਉਸ ਨੂੰ ਨਾਂ ਪੂਰਾ ਕਰਣ ਦੀ ਕੋਸ਼ਿਸ਼ ਕਰਣ,ਜੋਕਿ ਬਿਹਸ-ਬਾਜੀ ਵਿਚ ਖਤਮ ਹੋਏ।ਘਰ ਦਾ ਕੰਮ ਕਰਣ ਦਾ ਨਿਰਧਾਰਿਤ ਸਮਾਂ ਹੋਣ ਕਾਰਨ, ਇਹ ਨੀਯਮ ਦਾ ਹਿਸਾ ਬੱਨ੍ਹ ਜਾਂਦਾ ਹੈ।
- ਇਹ ਕੋਸ਼ਿਸ਼ ਕਰੋ ਕਿ ਘਰ ਦਾ ਕੰਮ ਸ਼ਾਮ ਨੂੰ ਜਲਦੀ ਖਤਮ ਕਰ ਲਿਤਾ ਜਾਵੇ, ਜਦ ਬੱਚੇ ਵਿਚ ਜਿਆਦਾ ਸਫੂਰਤੀ ਹੋਵੇ।ਉਹਨਾਂ ਨੂੰ ਸੋਣ ਤੋਂ ਪਹਿਲਾਂ ਕੁਝ ਆਰਾਮ ਕਰਣ ਦਾ ਸਮਾਂ ਦਿਉ।

## ਘਰ ਦਾ ਕੰਮ ਕਰਣ ਲਈ ਵਿਦਿਆਰਥੀ ਨੂੰ ਕਿਨ੍ਹਾ ਸਮਾਂ ਲਗਾਉਣਾ ਚਾਹਿਦਾ ਹੈ?

- ਹਜੇ ਤਕ ਕੋਈ ਨਿਰਧਾਰਿਤ ਸਮਾਂ ਘਰ ਦੇ ਕੰਮ ਲਈ ਸਥਿਰ ਨਹੀਂ ਹੋਇਆ ਹੈ।ਸ਼ੋਥਕਰਤਾ ਅਤੇ ਸਿੱਖਿਅਕ ਇਹ ਮਣਦੇ ਹਨ ਕੀ ਛੋਟਿਆਂ ਕਲਾਸਾਂ ਲਈ ਘਰ ਦਾ ਕੰਮ ਸੀਮਾਂ ਬਧ ਹੋਣਾ ਚਾਹਿਦਾ ਹੈ, ਏਸ ਦੀ ਮਾਤਰਾ ਜਿਵੇਂ ਬਚਾ ਹਾਈ ਸਕੂਲ ਵਿਚ ਜਾਉਂਦਾ ਹੈ ਵਧਾਈ ਜਾ ਸਕਦੀ ਹੈ।
- ਵਿਦਿਆਰਥੀ ਵਖ-ਵਖ ਰਫਤਾਰ ਨਾਲ ਕੰਮ ਕਰਦੇ ਹਣ ਤਾਂਜੋ ਕੰਮ ਕਰਣ ਦਾ ਸਮਾਂ ਵੀ ਵਖਰਾ ਹੋਵੇਗਾ।
- ਵਿਦਿਆਰਥੀ ਆਪਣਾ ਕੰਮ ਕਰ ਸਕਣ ਅਤੇ ਉਹਨਾਂ ਕੋਲ ਹੋਰ ਗਤਿਵਿਧਿਆ ਵਿਚ ਸ਼ਾਮਲ ਹੋਣ ਦਾ ਸਮਾ ਵੀ ਹੋਵੇ ਜਿਵੇਂ ਕੀ ਖੇਲਾਂ, ਸੰਗੀਤ ਦੀਆਂ ਕਲਾਸਾਂ, ਧਾਰਮਿਕ ਗਤਿਵਿਧਿਆਂ, ਭਾਸ਼ਾ ਦਿਆਂ ਕਲਾਸਾਂ, ਅਤੇ ਖੁਲਿਆਂ ਖੇਡਾਂ।
- ਜੇਕਰ ਤੁਸੀਂ ਏਸ ਗੱਲ ਤੋਂ ਪਰੇਸ਼ਾਣ ਹੋਕਿ ਤੁਹਾਡੇ ਬੱਚੇ ਨੂੰ ਬਹੁਤ ਵਧ ਜਾਂ ਘਟ ਕੰਮ ਮਿਲ ਰਿਹਾ ਹੈ ਤਾਜੋ ਤੁਹਾਨੂੰ ਉਸ ਦੀ ਕਲਾਸ ਦੇ ਅਧਿਆਪਕ ਨਾਲ ਗੱਲ੍ਹ ਕਰਨੀ ਚਾਹਿਦੀ ਹੈ।

## ਮਾਂ-ਪਿਉ ਕਿਸ ਤਰ੍ਹਾਂ ਘਰ ਦੇ ਕੰਮ ਵਿਚ ਮਦਦ ਕਰ ਸਕਦੇ ਹਨ ?

- ਵਡੇ ਬੱਚਿਆਂ ਨੂੰ ਉਤਸਾਹਿਤ ਕਰੋ ਕਿ ਉਹ ਆਪਣੇ ਸਕੂਲ ਦੇ ਅਜੈਂਡੇ ਵਿਚ ਟੈਸਟਾਂ ਅਤੇ ਨਿਰਧਾਰਿਤ ਕਮਾਂ ਦਾ ਵੇਰਵਾ ਰਖਣ।ਵਡੇ ਪਰੋਜੈਕਟਾਂ ਲਈ ,ਵਡੇ ਕਲੈਂਡਰ ਉਤੇ ਕਾਰਜ-ਸੂਚੀ ਬਨਾਉਣ ਵਿਚ ਉਹਨਾਂ ਦੀ ਮਦਦ ਕਰੋ।
- ਘਰ ਦ। ਕੰਮ ,ਪਰੋਜੈਕਟ ਨੂੰ ਛਡ ਕੇ , ਸਕੂਲ ਵਿਚ ਸਿਖੇ ਜਾ ਰਿਹੇ ਕੰਮ ਦੀ ਸਮੀਖਿਆ ਹੋਣੀ ਚਾਹਿਦੀ ਹੈ, ਤਾਂਜੋ ਬੱਚਾ ਘਰ ਦਾ ਕੰਮ ਆਪਣੇਆਪ ਕਰ ਸਕੇ।

People for Education is an independent parents' group working to support public education in Ontario's English, French and Catholic schools.
You can reach us at: P.O. Box 64, Station P, Toronto, Ontario, M5S 2S6
phone: 416-534-0100 fax: 416-536-0100 e-mail: info@peopleforeducation.com or visit: www.peopleforeducation.com

- ਦ ਤੁਹਾਡੇ ਬੱਚੇ ਘਰ ਦਾ ਕੰਮ ਕਰ ਰਹੇ ਹੋਣ ਤਾਂ ਤੁਸੀ ਉਸ ਮੋਕੇ ਆਪਦਾ ਘਰ ਦਾ ਕੰਮ ਕਰ ਸਰਦੇ ਹੋ ਜਿਵੇਂ –ਬਿਲ ਅਦਾ ਕਰਨਾ, ਕਿਤਾਬ ਪਢਨਾ ਜਾਂ ਚਿੱਠੀ ਲਿਖਣੀ। ਏਸ ਤਰ੍ਹਾਂ ਉਹਨਾਂ ਨੂੰ ਸਾਥ ਮਿਲਦਾ ਹੈ ਅਤੇ ਤੁਸੀ ਉਹਨਾਂ ਦੇ ਕੋਲ ਰਹਿੰਦੇ ਹੋ।ਪਰ ਸਹਾਇਤਾ ਤਾਂ ਦਿਉ ਜੇਕਰ ਮੰਗੀ ਜਾਵੇ।
- ਆਪਣੇ ਛੋਟੇ ਬਚਿਆਂ ਨਾਲ ਕਿਤਾਬਾਂ ਪਢੋ,ਕਿਸੇ ਵੀ ਭਾਸ਼ਾ ਵਿਚ,ਅਤੇ ਵਡੇ ਬਚਿਆਂ ਨੂੰ ਉਤਸਾਹਿਤ ਕਰੋ ਕਿ ਉਹ ਕੁਝ ਸਮਾਂ ਰੋਜ਼ ਆਪਣੇਆਪ ਪਢਨ ਵਿਚ ਵਯਤੀਤ ਕਰਣ।
- ਆਪਣੇ ਬਚੇ ਨਾਲ ਰੋਜ ਸਕੂਲ ਬਾਰੇ ਗਲ੍ਹ ਕਰੋ।ਚਾਹੇ ਤੁਹਾਨੂੰ ਵਿਸ਼ੇ ਦੀ ਸਮਝ ਹੈ ਜਾਂ ਨਹੀਂ, ਚਾਹੇ ਅੰਗ੍ਰੇਜ਼ੀ ਜਾਂ ਫਰੈਂਚ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ, ਪਰ ਤੁਸੀਂ ਵਧਿਆ ਸਰੋਤਾ ਬੱਨ ਸਕਦੇ ਹੋ।ਸ਼ੋਧ ਰਾਹੀ ਦਰਸਾਇਆ ਗਿਆ ਹੈ ਕਿ ਸਿਰਫ ਬਚੇ ਨਾਲ, ਉਸ ਦੇ ਸਕੂਲ ਦੀ ਗਲ੍ਹ ਕਰ ਕੇ ਹੀ ਉਸ ਦੀ ਸਫਲਤਾ ਦੇ ਮੋਕੇ ਵਧ ਸਕਦੇ ਹਨ।
- ਇਸ ਚੀਜ਼ ਦਾ ਖਿਆਲ ਰਖੋ ਕਿ ਉਸ ਕੋਲ ਘਰ ਦਾ ਕੰਮ ਕਰਨ ਦੀਆਂ ਸਾਰਿਆਂ ਸਹੂਲਤਾਂ ਮੁਹਇਆ ਹੋਨਿਆਂ ਚਾਹਿਦਿਆਂ ਹਨ-ਪੈਂਸਲ, ਫੁਟਾ, ਮਾਰਕਰ ਅਤੇ ਕਾਗਜ਼।

## ਜੇਕਰ ਵਿਦਿਆਰਥੀ ਨੂੰ ਘਰ ਦਾ ਕੰਮ ਪੂਰਾ ਕਰਣ ਵਿਚ ਮੁਸ਼ਕਲ ਆ ਰਹੀ ਹੈ ਤਾਂ ਕੀ ਕੀਤਾ ਜਾਵੇ?

- ਵਿਦਿਆਰਥਿਆਂ ਨੂੰ ਉਤਸਾਹਤ ਕਰੋ, ਜੇਕਰ ਉਹਨਾਂ ਨੂੰ ਮਦਦ ਦੀ ਲੋਢ ਹੈ ਤਾਂ ਉਹ ਅਧਿਯਾਪਕ ਨਾਲ ਗਲ੍ਹ ਕਰਣ ।ਆਪਣੇ ਬੱਚੇ ਨੂੰ ਇਹ ਦਸੋ ਕਿ ਇਹ ਘਬਰਾਉਣ ਦੀ ਗਲ੍ਹ ਨਹੀਂ, ਜੇਕਰ ਉਸ ਨੂੰ ਕੁਝ ਸਮਝ ਨਾਂ ਪੈਂਦਾ ਹੋਵੇ ਉਹ ਮਦਦ ਦੀ ਮੰਗ ਕਰ ਸਕਦੇ ਹਨ।
- ਜੇਕਰ ਤੁਹਾਡੇ ਬੱਚੇ ਨੂੰ ਘਰ ਦਾ ਕੰਮ ਨਾਂ ਸਮਝ ਆ ਰਿਹਾ ਹੋਵੇ ਤਾਂ ਤੁਸੀ ਪੁਛ ਸਕਦੇ ਹੋ ਕਿ ਅਧਿਯਾਪਕ ਨੇ ਕਲਾਸ ਵਿਚ ਉਹ ਵਿਸ਼ਾ ਕਿਵੇਂ ਪਢਾਇਆ। ਇਹ ਸ਼ਾਯਦ ਬੱਚੇ ਨੂੰ ਯਾਦ ਕਰਣ ਵਿਚ ਮਦਦ ਕਰੇ ਕਿ ਕਲਾਸ ਵਿਚ ਕਿਵੇਂ ਪਢਾਇਆ ਗਿਆ ਸੀ ਅਤੇ ਉਹ ਕਿਵੇਂ ਇਸ ਨੂੰ ਹਲ ਕਰ ਸਰਦਾ ਹੈ।
- ਜੇਕਰ ਤੁਹਾਡਾ ਬੱਚਾ ਪਰੇਸ਼ਾਨ ਹੋ ਰਿਹਾ ਹੈ ਜਾਂ ਆਪਾ ਖੋ ਰਿਆ ਹੈ ਤਾਂ ਉਸ ਨੂੰ ਬਰੇਕ ਲੈਣ ਲਈ ਕਹੋ ਅਤੇ ਥੋਢੀ ਦੇਰ ਬਾਦ੍ਹ ਦੁਬਾਰਾ ਕੋਸ਼ਿਸ਼ ਕਰੋ।
- ਜੇਕਰ ਵਿਦਿਆਰਥੀ ਬਹੁਤ ਯਤਨ ਕਰਣ ਮਗਰੋਂ ਵੀ ਕੰਮ ਪੂਰਾ ਨਾਂ ਕਰ ਸਕੇ, ਕੋਈ ਨਹੀਂ, ਤੁਸੀਂ ਅਧਮੁਕਾੱ ਕੰਮ ਵਾਪਸ ਸਕੂਲ ਭੇਜ ਸਕਦੇ ਹੋ।ਤੁਸੀਂ ਅਜੈਂਡੇ ਤੇ ਜਾਂ ਘਰ ਦੇ ਕੰਮ ਤੇ ਇਕ ਰੁਕ੍ਹਾ ਲਿਖ ਕੇ ਭੇਜ ਸਕਦੇ ਹੋ- ਇਹ ਸਮਝਾਉਂਦੇ ਹੋਏ ਕੀ ਕੰਮ ਪੂਰਾ ਕਿਉਂ ਨਹੀਂ ਹੋਇਆ। ਇਹ ਅਧਿਯਾਪਕ ਨੂੰ ਇਹ ਜਾਨਨ ਦੀ ਮਦਦ ਕਰਦਾ ਹੈ ਕਿ ਕਿਸ ਕਾਰਣ ਵਜੋਂ ਕੰਮ ਪੂਰਾ ਨਹੀਂ ਹੋਇਆ ਅਤੇ ਉਹ ਖ਼ੁਸ਼ ਹੋਏਗੀ ਕਿ ਤੁਸੀਂ ਆਪਣੇ ਬੱਚੇ ਦੀ ਸਿੱਖਿਆ ਤਾਲੀਮ ਵਿਚ ਸ਼ਾਮਲ ਹੋ।
- ਜੇਕਰ ਲਗਾਤਾਰ ਤੁਹਾਡਾ ਬੱਚਾ ਕੰਮ ਸੰਪੁਰਨ ਕਰਣ ਵਿਚ ਨਾਂਕਾਮਯਾਬ ਹੋ ਰਿਹਾ ਹੈ ਤਾਂ ਤੁਸੀਂ ਉਸ ਦੇ ਅਧਿਯਾਪਕ ਨੂੰ ਮਿਲਣ ਦਾ ਸਮਾਂ ਨਿਸ਼ਚਤ ਕਰਵਾਓ।

## ਦੂਸਰੇ ਸਰੋਤਾਂ ਰਾਹੀ ਘਰ ਦਾ ਕੰਮ ਸੰਪੂਰਨ ਕਰਣ ਦੇ ਸਹਾਰੇ

- ਇਹ ਪਤਾ ਲਗਾਉ ਕਿ ਤੁਹਾਡੇ ਸਕੂਲ ਵਲੋ ਘਰ ਦੇ ਕੰਮ ਲਈ ਕੀ ਸਹਾਇਤਾਵਾਂ, ਤੁਹਾਡੀ ਲੋਕਲ ਲਾਇਬਰੇਰੀ ਜਾਂ ਕਮਯੂਨਟੀ ਸੈਂਟਰ ਵਿਚ ਮੁਹਇਆ ਹਣ।ਕਈ ਸਕੂਲਾਂ ਅਤੇ ਲਾਇਬਰੇਰਿਆਂ ਵਿਚ, ਸਕੂਲ ਛੁਟਣ ਤੋਂ ਬਾਦ ਹੋਮਵਰਕ ਕਲਬ (ਘਰ ਦੇ ਕੰਮ ਲੀ ਸਹਾਇਤਾ)ਚਲਦੇ ਹਨ।
- ਬੱਚੇ ਨੂੰ ਆਪਣੇ ਦੋਸਤਾਂ ਜਾਂ ਵਡੇ ਭੈਣ-ਭਾਇਆਂ ਰਾਹੀ ਮਦਦ ਮਿਲ ਸਕਦੀ ਹੈ।
- ਕਈ ਹਾਈ ਸਕੂਲਾਂ ਵਿਚ ਪਿਯਰ- ਟਯੂਟਰ ਹੁੰਦੇ ਹਨ- ਉਹ ਬੱਚੇ ਜੋ ਇਹ ਪਢਾਈ((ਕੋਰਸ)ਮੁਕਾ ਚੁਕੇ ਹੋਣ, ਉਹ ਹਿਸਾਬ ਜਾਂ ਵਿਗਿਆਨ ਵਿਚ ਮਦਦ ਕਦ ਸਕਦੇ ਹਨ।
- ਹਾਈ ਸਕੂਲ ਦੇ ਵਿਦਿਆਰਥਿਆਂ ਲਈ ਇਕ ਆਨ- ਲਾਇਨ ਸੇਵਾ ਵੀ ਉਪਲਬਧ ਹੈ-www.ilc.org.ਇਤਵਾਰ ਤੋਂ ਵੀਰਵਾਰ ਤਕ ਉਹ ਪੰਜੀਕ੍ਰਿਤ ਅਧਿਯਾਪਕ ਉਸ ਵੈਬ-ਸਾਇਟ ਤੇ ਮੋਜੂਦ ਹੁੰਦੇ ਹਨ।ਉਹ ਪ੍ਰਸਤਾਵ -ਸਮਿਖਿਆ ਦੀ ਸੇਵਾ ਵੀ ਉਪਲਬਧ ਕਰਦੇ ਹਨ।
- ਕੁਝ ਸਕੂਲ ਬੋਰਡ,ਪਾਠ-ਕ੍ਰਮ ਅਤੇ ਸਿਖਿਆ ਦਿਆਂ ਆਨ-ਲਾਇਨ ਗਤਿਵਿਧਿਆਂ,ਵਖੱ-ਵਖੱ ਕਲਾਸਾਂ ਲਈ ਪੇਸ਼ ਕਰਦੇ ਹਨ। ਵਧੇਰੀ ਜਾਨਕਾਰੀ ਲਈ ਤੁਸੀਂ ਆਪਣੇ ਸਕੂਲ ਬੋਰਡ ਦੀ ਵੈਬਸਾਇਟ ਤੋਂ ਪ੍ਰਾਪਤ ਕਰ ਸਰਦੇ ਹੋ।

THE ONTARIO TRILLIUM FOUNDATION   LA FONDATION TRILLIUM DE L'ONTARIO

This tip sheet was developed with the support of the Ontario Trillium Foundation.

Copies are available in several languages at www.peopleforeducation.com.
For more information, call 416-534-0100 (toll-free 1-888-534-3944) or email info@peopleforeducation.com
© People for Education 2008